ਡਾਇਰੈਕਟੋਰੇਟ
ਸਿਹਤ ਸੇਵਾਵਾ ਪਰਿਵਾਰ ਭਲਾਈ, ਪੰਜਾਬ
ਪਰਿਵਾਰ ਕਲਿਆਣ ਭਵਨ, ਸੈਕਟਰ-34-ਏ, ਚੰਡੀਗੜ੍ਹ
(ਅਮਲਾ-6 ਸ਼ਾਖਾ)

## ਜਨਤਕ ਸੂਚਨਾਂ

ਨੰਬਰ:ਈ-6(1)-ਪੰਜਾਬ-2016/ 8375 ਮਿਤੀ, ਚੰਡੀਗੜ: 12-10-16

ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਅਧੀਨ ਚੱਲ ਰਹੇ ਡਾਇਲਿਸਿਜ਼ ਯੂਨਿਟਾਂ, ਕੀਮੋਥੈਰੇਪੀ ਯੂਨਿਟਾਂ ਅਤੇ Coronary Care & Stroke Units (CCSU) ਲਈ ਭਰਤੀ ਕੀਤੀਆਂ ਜਾਣ ਵਾਲੀਆਂ 167 ਅਸਾਮੀਆਂ ਵਿਚੋ ਵੱਖ-ਵੱਖ ਕੈਟਾਗਿਰੀਆਂ ਅਧੀਨ ਖਾਲੀ ਰਹੀਆਂ ਅਸਾਮੀਆਂ ਵਿੱਚ ਉਮੀਦਵਾਰ ਉਪਲਬੱਧ ਨਾ ਹੋਣ ਕਰਕੇ ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਵਲੋ ਲਈ ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਹੇਠ ਲਿਖੇ ਅਨੁਸਾਰ ਉਮੀਦਵਾਰਾਂ ਨੂੰ ਮਿਤੀ 20-10-2016 ਨੂੰ ਸਵੇਰੇ 10.00 ਵਜੇ ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪਰਿਵਾਰ ਭਲਾਈ) ਪੰਜਾਬ, ਪਰਿਵਾਰ ਕਲਿਆਣ ਭਵਨ, ਪਲਾਟ ਨੰ: 5, ਸੈਕਟਰ-34/ਏ, ਚੰਡੀਗੜ੍ਹ ਵਿਖੇ ਬੁਲਾਉਣ ਦਾ ਫੈਸਲਾ ਲਿਆ ਗਿਆ ਹੈ:-

| ਲੜੀ ਨੰ: | ਕੈਟਾਗਰੀ ਜਿਨ੍ਹਾਂ ਵਿੱਚ ਯੋਗ ਉਮੀਦਵਾਰ ਨਾ ਮਿਲਣ ਕਾਰਨ ਅਸਾਮੀਆਂ ਖਾਲੀ ਰਹਿ ਗਈਆਂ ਹਨ | ਯੋਗ ਉਮੀਦਵਾਰ ਨਾ ਮਿਲਣ ਕਾਰਨ ਜਿਨ੍ਹਾਂ ਕੈਟਾਗਿਰੀਆਂ ਵਿਚੋ ਅਸਾਮੀਆਂ ਭਰੀਆਂ ਜਾਣੀਆਂ ਹਨ | ਬਾਬਾ ਫਰੀਦ ਯੂਨੀਵਰਸਿਟੀ, ਫਰੀਦਕੋਟ ਵਲੋਂ ਲਏ ਲਿਖਤੀ ਟੈਸਟ ਵਿਚ ਪ੍ਰਾਪਤ ਕੀਤੇ ਅੰਕ |
|---|---|---|---|
| 1) | ਜਨਰਲ (09) | ਜਨਰਲ ਵਰਗ ਵਿਚੋ | 224 ਤੋ 231 ਅੰਕਾਂ ਤੱਕ ਵਾਲੇ ਉਮੀਦਵਾਰ |
| 2) | ਸਾਬਕਾ ਫੌਜੀ (ਜਨਰਲ) (03) | | |
| 3) | ਖਿਡਾਰੀ (ਜਨਰਲ) (01) | | |
| 4) | ਸਾਬਕਾ ਫੌਜੀ (ਅ.ਜ.) (ਮ ਤੇ ਬ) (03) | ਅ.ਜ. (ਮ ਤੇ ਬ) ਵਰਗ ਵਿਚੋ | 172 ਤੋ 176 ਅੰਕਾਂ ਤੱਕ ਵਾਲੇ ਉਮੀਦਵਾਰ |
| 5) | ਖਿਡਾਰੀ (ਅ.ਜ.) (ਮ ਤੇ ਬ) (01) | | |
| 6) | ਖਿਡਾਰੀ (ਅ.ਜ.) (ਰ ਤੇ ਹ) (01) | ਅ.ਜ. (ਰ ਤੇ ਹ) ਵਰਗ ਵਿਚੋ | 200 ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ |

ਉਕਤ ਦਰਸਾਏ ਉਮੀਦਵਾਰ ਮਿਤੀ 20-10-2016 ਨੂੰ ਸਵੇਰੇ 10.00 ਵਜੇ ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪਰਿਵਾਰ ਭਲਾਈ) ਪੰਜਾਬ, ਪਰਿਵਾਰ ਕਲਿਆਣ ਭਵਨ, ਪਲਾਟ ਨੰ: 5, ਸੈਕਟਰ-34/ਏ, ਚੰਡੀਗੜ੍ਹ ਵਿਖੇ ਸਮੇਤ ਦੋ ਪਾਸਪੋਰਟ ਸਾਈਜ ਫੋਟੋਆਂ, ਵਿਦਿਅਕ ਯੋਗਤਾ, ਜਾਤੀ ਸਰਟੀਫਿਕੇਟ, ਕੈਟਾਗਰੀ ਸਰਟੀਫਿਕੇਟ, ਅਤੇ ਰਿਹਾਇਸ਼ ਦੇ ਅਸਲ ਸਰਟੀਫਿਕੇਟ ਅਤੇ ਇਨਾਂ ਸਰਟੀਫਿਕੇਟਾਂ ਦੀਆਂ ਦੋ-ਦੋ ਫੋਟੋਕਾਪੀਆਂ ਤਸਦੀਕਸ਼ੁਦਾ ਲੈ ਕੇ ਹਾਜਰ ਹੋਣਾ ਯਕੀਨੀ ਬਣਾਉਣ। ਇਸ ਮੰਤਵ ਲਈ ਵੱਖਰੇ ਤੋਰ ਤੇ ਕੋਈ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ। ਇਸ ਲਈ ਉਮੀਦਵਾਰਾਂ ਨੂੰ ਆਪਣੀ ਹਾਜਰੀ ਯਕੀਨੀ ਬਣਾਉਣਾ ਲਾਜਮੀ ਹੈ। ਗੈਰਹਾਜਰ ਹੋਣ ਦੀ ਸੂਰਤ ਵਿਚ ਇਸ ਸਬੰਧੀ ਕੋਈ ਛੋਟ ਨਹੀਂ ਦਿੱਤੀ ਜਾਵੇਗੀ ਅਤੇ ਉਮੀਦਵਾਰ ਦਾ ਭਰਤੀ ਸਬੰਧੀ ਕਲੇਮ ਮੰਨਿਆ ਨਹੀਂ ਜਾਵੇਗਾ। ਇਹ ਸੂਚਨਾਂ ਸਿਹਤ ਵਿਭਾਗ ਦੀ ਵੈਬਸਾਈਟਾਂ www.pbhealth.gov.in ਅਤੇ www.bfuhs.ac.in ਤੇ ਵੀ ਵੇਖੀ ਜਾ ਸਕੇਗੀ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ

# ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪ.ਭ.), ਪੰਜਾਬ
## ਪਰਿਵਾਰ ਕਲਿਆਣ ਭਵਨ, ਸੈਕਟਰ 34-ਏ,ਚੰਡੀਗੜ੍ਹ
### (ਅਮਲਾ-6 ਸਾਖਾ)

ਰਜਿਸਟਰਡ

ਸੇਵਾ ਵਿਖੇ,

ਡਾਇਰੈਕਟਰ,
ਲੋਕ ਸੰਪਰਕ ਵਿਭਾਗ, ਪੰਜਾਬ,
ਸੈਕਟਰ-34-ਏ, ਚੰਡੀਗੜ੍ਹ।

ਮੀਮੋ ਨੰ: ਈ-6(1)ਪੰ:2016/
ਮਿਤੀ, ਚੰਡੀਗੜ੍ਹ:

ਵਿਸ਼ਾ: ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਧੀਨ ਚੱਲ ਰਹੇ ਡਾਇਲਿਸਿਜ਼ ਯੂਨਿਟਾਂ, ਕੀਮੋਥੈਰੇਪੀ ਯੂਨਿਟਾਂ ਅਤੇ Coronary Care & Stroke Units (CCSU) ਲਈ ਸਟਾਫ ਨਰਸਾਂ ਦੀਆਂ ਬਾਕੀ ਬਚਦੀਆਂ 18 ਅਸਾਮੀਆਂ ਦੀ ਭਰਤੀ ਸਬੰਧੀ ਇਸ਼ਤਿਹਾਰ ਦੇਣ ਬਾਰੇ।

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਇਸ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਸ਼ੇ ਅੰਕਿਤ ਮਾਮਲੇ ਸਬੰਧੀ ਭਰਤੀ ਲਈ ਪੱਤਰ ਨਾਲ ਨੱਥੀ ਜਨਤਕ ਸੂਚਨਾਂ ਕੱਲ੍ਹ ਮਿਤੀ 13-10-2016 ਨੂੰ ਹੇਠ ਲਿਖੇ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਉਣ ਦੀ ਖੇਚਲ ਕੀਤੀ ਜਾਵੇ:-

1) ਦ ਟ੍ਰਿਬਿਊਨ (ਅੰਗ੍ਰੇਜ਼ੀ),
2) ਰੋਜ਼ਾਨਾ ਅਜੀਤ (ਪੰਜਾਬੀ),
3) ਦੈਨਿਕ ਭਾਸਕਰ (ਹਿੰਦੀ),
4) ਜਗਬਾਣੀ (ਪੰਜਾਬੀ)

ਨੱਥੀ ਉਕਤ ਅਨੁਸਾਰ

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ

ਪਿੱਠ ਅੰਕਣ ਨੰ: ਈ-6(1)ਪੰ:2016/ 8373 ਮਿਤੀ ਚੰਡੀਗੜ੍ਹ: 12-10-16

ਉਤਾਰਾ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸੀਜ਼, ਫਰੀਦਕੋਟ ਨੂੰ ਜਨਤਕ ਸੂਚਨਾਂ ਦੀ ਕਾਪੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਜਨਤਕ ਸੂਚਨਾਂ ਆਪਣੀ ਸੰਸਥਾ ਦੀ ਵੈਬਸਾਈਟ ਤੇ ਵੀ ਤੁਰੰਤ ਅਪਲੋਡ ਕਰ ਦਿੱਤੀ ਜਾਵੇ ਜੀ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ

ਪਿੱਠ ਅੰਕਣ ਨੰ: ਈ-6(1)ਪੰ:2016/ ਮਿਤੀ ਚੰਡੀਗੜ੍ਹ:

ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, (ਸਿਹਤ-4 ਸਾਖਾ) ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ